# ਸ਼ਹੀਦ ਊਧਮ ਸਿੰਘ ਦੀ ਜੀਵਨ ਯਾਤਰਾ

(26 ਦਸੰਬਰ 1899–31 ਜੁਲਾਈ 1940)

ਮਲਵਿੰਦਰ ਜੀਤ ਸਿੰਘ ਵੜੈਚ

**ਊਧਮ ਸਿੰਘ ਅਨੁਸਾਰ —** "ਉਹ ਪਟਿਆਲਾ ਰਿਆਸਤ ਦੇ ਸੁਨਾਮ ਸ਼ਹਿਰ 'ਚ ਪੈਦਾ ਹੋਇਆ ਸੀ। ਉਹ ਦੱਸਦਾ ਹੈ ਕਿ ਉਹਨੇ ਕੋਈ ਤਾਲੀਮ ਹਾਸਲ ਨਹੀਂ ਸੀ ਕੀਤੀ। ਉਹਨੇ ਛੋਟੀ ਉਮਰੇ ਹੀ ਇਲੈਕਟਰੀਸ਼ਨ ਦਾ ਕਿੱਤਾ ਅਪਣਾਇਆ ਅਤੇ ਆਪਣੇ ਭਾਰਤੀ ਦੋਸਤਾਂ–ਮਿਤਰਾਂ ਸੰਗ ਹਿੰਦੋਸਤਾਨ ਅੰਦਰ ਵਿਚਰਿਆ। ਉਹ ਪਹਿਲੀ ਵਾਰੀ ਵਤਨੋ ਬਾਹਰ 1918 ਦੌਰਾਨ ਮੋਬਾਸਾ, ਪੂਰਬੀ ਅਫਰੀਕਾ ਗਿਆ, ਜਿੱਥੇ ਉਹਨੇ ਇੱਕ ਮੋਟਰ ਮਕੈਨਿਕ ਵੱਜੋਂ ਨੈਰੋਬੀ ਵਿੱਚ ਇੱਕ ਜਰਮਨ ਕੰਪਨੀ ਵਿੱਚ ਕੰਮ ਕੀਤਾ। ਉਹਨੂੰ ਠੀਕ ਤਰ੍ਹਾਂ ਚੇਤਾ ਤਾਂ ਨਹੀਂ, ਪਰ ਇਹ **ਡੇਢ ਕੁ ਸਾਲ** ਦੇ ਕਰੀਬ ਹੋ ਸਕਦੈ। ਉਥੋਂ ਉਹਨੂੰ ਗ਼ੈਰ ਹਾਜ਼ਰ ਰਹਿਣ ਕਰਕੇ ਨੌਕਰੀਉਂ ਕੱਢ ਦਿੱਤਾ ਗਿਆ ਸੀ।

"ਉਹ **ਜੂਨ 1919** ਦੇ ਨੇੜ–ਤੇੜ ਦੇਸ਼ ਪਰਤਿਆ ਅਤੇ ਭਾਰਤ ਵਿੱਚ ਕਈ ਥਾਂਈਂ ਘੁੰਮਿਆ–ਫਿਰਿਆ ਤੇ ਜਿਸ ਦੌਰਾਨ ਉਹ ਨੇ ਆਪਣੇ ਅੰਮ੍ਰਿਤਸਰ ਵਿੱਖੇ ਸਥਿਤ ਮਕਾਨ ਨੂੰ ਵੇਚ ਕੇ 11,000/– ਰੁਪਏ ਦੀ ਰਕਮ ਵਸੂਲੀ ਸੀ।

"1921 'ਚ ਉਹ ਇੰਗਲੈਂਡ ਪਹੁੰਚ ਕੇ ਡੋਵਰ (Dover) ਬੰਦਰਗਾਹ 'ਤੇ ਜਹਾਜ਼ੋਂ ਉਤਰਿਆ ਅਤੇ 2–3 ਮਹੀਨਿਆਂ ਪਿਛੋਂ ਨਿਊਯਾਰਕ–ਅਮਰੀਕਾ ਲਈ ਚਲ ਪਿਆ। ਉਹ ਦਸਦੈ ਕਿ ਉਹਨੇ ਛੇ ਮਹੀਨੇ ਫੋਰਡ ਕਾਰ ਕੰਪਨੀ 'ਚ ਬਤੌਰ 'ਟੂਲ ਮੇਕਰ' (Tool Maker) ਕੰਮ ਕੀਤਾ ਤੇ ਫਿਰ ਆਪਣੀ ਮਰਜ਼ੀ ਨਾਲ ਹੀ ਉਥੋਂ ਕੈਲੇਫ਼ੋਰਨੀਆ ਚਲਾ ਗਿਆ। ਉਥੇ ਉਹ ਦੋ–ਢਾਈ ਸਾਲ ਦੋ–ਤਿੰਨ ਛੋਟੀਆਂ–ਮੋਟੀਆਂ ਮੋਟਰ ਕੰਪਨੀਆਂ 'ਚ ਕੰਮ ਕਰਦਾ ਰਿਹਾ, ਪਰ ਜਿਨ੍ਹਾਂ ਦੇ ਨਾਂਅ ਉਹਨੂੰ ਚੇਤੇ ਨਹੀਂ ਹਨ। 1927 'ਚ ਉਹ ਅਮਰੀਕਾ ਤੋਂ ਪੰਜਾਬ ਚਲਾ ਗਿਆ, ਜਿੱਥੇ ਉਹ ਕੁਝ ਕੁ ਹਫ਼ਤੇ ਠਹਿਰਿਆ, ਜਿਸ ਦੌਰਾਨ ਉਹ ਨੂੰ ਭਾਰਤੀ ਆਰਮਜ਼ ਐਕਟ ਦੇ ਤਹਿਤ ਇੱਕ ਰਿਵਾਲਵਰ, ਅਸਲਾ ਅਤੇ ਬੰਬ ਰੱਖਣ ਦੇ ਜੁਰਮ 'ਚ ਗਰਿਫ਼ਤਾਰ ਕੀਤਾ ਗਿਆ ਅਤੇ ਪੰਜ ਸਾਲ ਅੰਮ੍ਰਿਤਸਰ 'ਚ ਸਜ਼ਾ ਭੁਗਤਣ ਪਿੱਛੋਂ 1931 'ਚ ਰਿਹਾਅ ਹੋਇਆ। ਉਹ ਦੱਸਦਾ ਹੈ ਜੇਲ੍ਹ ਬੰਦੀ ਦੌਰਾਨ ਉਹਨੂੰ ਤਿੰਨ ਵਾਰੀ ਅੰਦੋਲਨ/ਹੜਤਾਲ (Agitation) ਕਰਨ ਬਦਲੇ ਕੋੜੇ ਮਾਰੇ ਗਏ ਤੇ ਉਹਨੂੰ ਇੱਕ ਜੇਲ੍ਹੋਂ ਦੂਸਰੀ ਜੇਲ੍ਹ 'ਚ ਭੇਜ ਦਿੱਤਾ ਜਾਂਦਾ ਸੀ।

"ਰਿਹਾਈ ਪਿੱਛੋਂ ਉਹ ਸਿਹਤਯਾਬੀ ਲਈ ਸ੍ਰੀਨਗਰ, ਕਸ਼ਮੀਰ ਚਲਾ ਗਿਆ, ਚੂੰਕਿ ਜੇਲ੍ਹ ਬੰਦੀ ਦੌਰਾਨ ਉਹਦੀ ਸਿਹਤ 'ਚ ਬਹੁਤ ਨਿਘਾਰ ਆ ਗਿਆ ਹੋਇਆ ਸੀ। ਉਥੇ ਉਹ ਇੱਕ ਸਾਲ ਰਿਹਾ, ਜਿੱਥੇ ਉਹਨੇ ਆਪਣੇ ਅੰਮ੍ਰਿਤਸਰ ਵਾਲੇ ਮਕਾਨ ਨੂੰ ਵੇਚ ਕੇ ਵੱਟੀ ਹੋਈ ਰਕਮ 'ਤੇ ਗੁਜ਼ਾਰਾ ਕੀਤਾ ਸੀ।

"1934 ਤੱਕ ਉਹ ਭਾਰਤ 'ਚ ਘੁੰਮਿਆ–ਫਿਰਿਆ ਅਤੇ ਫਿਰ ਇਟਲੀ ਚਲਾ ਗਿਆ, ਜਿੱਥੇ ਦੋ–ਤਿੰਨ ਮਹੀਨੇ ਰਹਿ ਕੇ ਉਹ ਫ਼ਰਾਂਸ, ਸਵਿਟਜ਼ਰਲੈਂਡ, ਆਸਟ੍ਰੀਆ ਹੁੰਦਾ ਹੋਇਆ 1934 ਦੇ ਅਖੀਰ 'ਚ ਇੰਗਲੈਂਡ ਪਹੁੰਚ ਗਿਆ ਸੀ। ਉਥੇ ਉਹ ਤਕਰੀਬਨ ਇੱਕ ਸਾਲ ਰਿਹਾ ਜਿਸ ਦੌਰਾਨ ਉਹਨੇ ਆਪਣੀ ਉਪਰ ਦੱਸੀ ਰਕਮ ਦੇ ਸਿਰ ਤੇ ਕਾਰ ਖਰੀਦੀ ਜਿਸ ਤੇ ਮੁਲਕ 'ਚ ਘੁੰਮਦਾ–ਫਿਰਦਾ ਰਿਹਾ ਸੀ।

"1936 'ਚ ਉਹ ਰਸ ਗਿਆ, ਜਿੱਥੇ ਉਹ ਲੈਨਿਨਗਰਾਡ ਮਾਸਕ ਵਿੱਚ 42 ਦਿਨ ਠਹਿਰਣ ਪਿੱਛੋਂ ਪੋਲੈਂਡ, ਲਾਤਵੀਆ (Latvia) ਅਤੇ ਐਸਟੋਨੀਆ (Estonia) 'ਚ ਤਿੰਨ ਮਹੀਨੇ ਬਿਤਾ ਕੇ 1937 'ਚ ਇੰਗਲੈਂਡ ਵਾਪਸ ਆ ਗਿਆ। ਉਹ ਕਹਿੰਦਾ ਹੈ ਕਿ ਕਰੀਬ ਦੋ ਜਾਂ ਤਿੰਨ ਮਹੀਨੇ ਮੈਨੋਰ ਹਾਊਸ, ਨਾਰਥਲਟ (Manor House, Northolt) ਵਿਖੇ ਰਿਹਾ, ਅਤੇ ਇੱਕ ਮਹੀਨੇ ਦੇ ਲਗਭਗ ਡੈਨਹਮ (Denham) ਸਥਿਤ ਫਿਲਮ ਸਟੂਡਿਉ 'ਚ ਕ੍ਰਾਉਂਡ ਵਰਕ (Crowd work) ਭਾਵ ਐਕਸਟ੍ਰਾ (Extra) ਦਾ ਕਾਰਜ ਕੀਤਾ। ਫਿਰ ਉਹ ਜਰਮਨੀ ਗਿਆ, ਜਿਥੇ ਉਹ ਬਰਲਿਨ ਤੇ ਕੋਲੋਗਨ (Cologne) 'ਚ ਮਹੀਨਾ ਕੁ ਰਹਿ ਕੇ ਪੋਲੈਂਡ ਚਲਾ ਗਿਆ, ਉਥੋਂ ਦਸਾਂ ਦਿਨਾਂ ਲਈ ਰੂਸ ਚਲਾ ਗਿਆ, ਤੇ ਫਿਰ ਲਾਤਵੀਆ (Latvia), ਕਈ ਮਹੀਨੇ ਲਈ ਰਿਗਾ (Riga) ਗਿਆ। ਉਥੇ ਰਹਿੰਦਿਆਂ ਉਸ ਕੋਲ਼ ਕੋਈ ਕੰਮ ਨਹੀਂ ਸੀ,

ਅਤੇ 1938 ਦੇ ਕ੍ਰਿਸਮਸ ਦੇ ਕਰੀਬ ਉਹ ਇਸ ਦੇਸ਼ (ਇੰਗਲੈਂਡ) 'ਚ ਵਾਪਸ ਆ ਗਿਆ। ਪੰਜ ਮਹੀਨੇ ਤੱਕ ਉਹਨੇ ਮੈਸਰਜ਼ ਵਿੰਪੇ 'ਚ ਠੇਕੇਦਾਰ ਵਜੋਂ, ਬਤੌਰ ਤਰਖਾਣ (carpenter) ਗ੍ਰੇਟ ਚੈਸਿੰਗਟਨ ਬਲਾਉਸਟਰਸ਼ਾਇਰ (Great Chessington, Gloucestershire) ਦੇ ਆਰ.ਏ.ਐਫ. ਸਟੇਸ਼ਨ (RAF Station) 'ਚ ਕੰਮ ਕੀਤਾ ਜਿੱਥੇ ਉਹਨੂੰ 1/9 ਫੀ ਘੰਟਾ ਉਜਰਤ ਮਿਲਦੀ ਸੀ। ਉਹ ਦੱਸਦਾ ਹੈ ਕਿ ਉਹ ਨੇ ਇਹ ਆਪਣੀ ਮਰਜ਼ੀ ਨਾਲ ਇਸ ਕਰਕੇ ਛੱਡ ਦਿੱਤਾ ਸੀ ਕਿ ਕੰਮ ਗੰਦਾ ਸੀ, ਤੇ ਫਿਰ ਸਰ ਲਿੰਡੇ ਪਾਰਕਿਨਸਨ ਐਂਡ ਕੰਪਨੀ ਦੇ ਬਾਉਰਨਮਾਉਥ (Bournemouth) ਨੇੜੇ ਕੈਂਪ 'ਚ ਕੰਮ ਕੀਤਾ। ਉਹ ਨੇ ਬਤੌਰ ਤਰਖਾਣ ਕੋਈ ਦੋ ਮਹੀਨੇ ਨੌਕਰੀ ਕੀ, ਤੇ ਪੰਜ ਕੁ ਮਹੀਨੇ ਪਹਿਲੋਂ ਛੱਡ ਦਿੱਤੀ ਸੀ। ਉਦੋਂ ਤੋਂ ਉਹ ਹੁਨ ਤੀਕ 17/- 'ਡੋਲ' ਪ੍ਰਤੀ ਹਫ਼ਤਾ ਗੁਜ਼ਾਰਾ ਭੱਤਾ ਲੈ ਰਿਹੈ, ਜੋ ਉਹ ਕੈਮਡਨ ਟਾਊਨ ਲੇਬਰ ਐਕਸਚੇਂਜ ਤੋਂ ਪ੍ਰਾਪਤ ਕਰਦਾ ਹੈ। ਉਹ ਦਸਦੈ ਕਿ ਜਦੋਂ ਅਜੇ ਉਹ 4-5 ਸਾਲਾਂ ਦਾ ਹੀ ਸੀ ਤਾਂ ਉਹਦੇ ਮਾਂ-ਬਾਪ ਗੁਜਰ ਗਏ ਸੀ। ਉਹ ਕੁਆਰਾ (Single) ਹੈ ਅਤੇ ਉਹਨੂੰ ਨੰ: 8 ਮਰੋਨਿੰਗਟਨ ਟੈਰੇਸ, ਐਨ ਡਬਲਯੂ-1 ਤੋਂ ਗ੍ਰਿਫਤਾਰ ਕੀਤਾ ਗਿਆ ਸੀ।

**ਅਦਾਲਤੀ ਰਿਕਾਰਡ ਅਨੁਸਾਰ**, "ਸ਼ੇਰ ਸਿੰਘ, ਊਧਮ ਸਿੰਘ, ਉਧੈ ਸਿੰਘ, ਫਰੈਂਕ ਬਰਾਜ਼ਿਲ ਦੇ ਪਾਸਪੋਰਟ ਦਾ ਨੰਬਰ 52753 ਹੈ ਜੋ ਕਿ 20 ਮਾਰਚ 1933 ਨੂੰ ਲਾਹੌਰ ਤੋਂ ਊਧਮ ਸਿੰਘ ਦੇ ਨਾਂ ਤੇ ਜਾਰੀ ਕੀਤਾ ਗਿਆ ਸੀ। ਇਹ ਤਿੰਨ ਸਾਲ ਦੀ ਉਮਰ 'ਚ ਹੀ ਅਨਾਥ ਹੋ ਗਿਆ ਸੀ। ਇਹਦਾ ਪਾਲਣ-ਪੋਸ਼ਣ ਖਾਲਸਾ ਕਾਲਜ ਨਾਲ ਸਬੰਧਿਤ ਸਿੱਖ ਅਨਾਥ ਘਰ ਵਿੱਚ ਹੋਇਆ ਸੀ। ਬਾਅਦ ਵਿੱਚ ਇਹ ਵਾਹਵਾ ਘੁੰਮਿਆ-ਫਿਰਿਆ ਵੀ ਸੀ। ਊਧਮ ਸਿੰਘ ਬਾਰੇ ਸਪੈਸ਼ਲ ਬ੍ਰਾਂਚ ਦੇ ਇਨਸਪੈਕਟਰ ਵਾਈਟਹੈੱਡ ਨੇ ਵਖ-ਵੱਖ ਵਸੀਲਿਆਂ ਤੋਂ ਇਕੱਠੀ ਕੀਤੀ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ:

ਊਧਮ ਸਿੰਘ ਨੇ ਬਸਰੇ 'ਚ ਡੇਢ ਸਾਲ ਫੌਜ ਦੀ ਨੌਕਰੀ ਕੀਤੀ ਸੀ ਤੇ ਪੂਰਬੀ ਅਫਰੀਕਾ 'ਚ ਦੋ ਸਾਲ। । ਫਿਰ ਇਹ ਕੁਝ ਮਹੀਨਿਆਂ ਲਈ ਹਿੰਦੋਸਤਾਨ ਨੂੰ ਮੁੜ ਗਿਆ ਸੀ। ਉਥੋਂ ਇਹ ਕਿਸੇ ਪ੍ਰੀਤਮ ਸਿੰਘ ਨਾਲ ਲੰਡਨ ਨੂੰ ਰਵਾਨਾ ਹੋ ਗਿਆ ਸੀ; ਫਿਰ ਇਹ ਦੋਵੇਂ ਹੀ ਮੈਕਸੀਕੋ ਥਾਂਣੀ ਹੁੰਦੇ ਹੋਏ ਅਮਰੀਕਾ ਨੂੰ ਚਲੇ ਗਏ ਸਨ। ਇਹਨੇ ਦੋ ਸਾਲ ਕੈਲੀਫੋਰਨੀਆ ਤੇ ਕੁਝ ਮਹੀਨੇ ਡੈਟਰਾਇਟ ਅਤੇ ਸ਼ਿਕਾਗੋ 'ਚ ਕੰਮ ਕੀਤਾ ਸੀ। ਉਥੋਂ ਇਹ ਪੂਰਬੀ ਨਿਊਯਾਰਕ ਚਲਾ ਗਿਆ, ਜਿੱਥੇ ਇਹ ਪੰਜ ਸਾਲ ਰਿਹਾ ਸੀ। ਇਹਦੇ ਆਪਣੇ ਦੱਸਣ ਮੁਜ਼ਬ ਹੀ ਇਹਨੇ ਕਈ ਅਮਰੀਕੀ ਸਮੁੰਦਰੀ ਜਹਾਜ਼ਾਂ ਦੇ ਸਫ਼ਰ ਕੀਤੇ ਸਨ। ਇਹ ਸਫ਼ਰ ਇਹਨੇ ਪੋਰਟੋਰਾਈਕਨ (Portorican) ਵਜੋਂ ਕੀਤੇ ਸਨ, ਕਿਉਂਕਿ ਹਿੰਦੀਆਂ ਨੂੰ ਅਮਰੀਕੀ ਜਹਾਜ਼ਾਂ ਵਿੱਚ ਨੌਕਰੀ ਨਹੀਂ ਸੀ ਦਿੱਤੀ ਜਾਂਦੀ (ਇਹਦੇ ਕੋਲ ਪੋਰਟੋਰੀਕੋ ਦੇ ਨਾਗਰਿਕ ਫਰੈਂਕ ਬਰਾਜ਼ਿਲ ਦੇ ਨਾਂ ਹੇਠ ਜਹਾਜ਼ਰਾਨੀ ਦਾ ਸਰਟੀਫਿਕੇਟ ਵੀ ਸੀ)। ਨਿਊਯਾਰਕ ਤੋਂ ਜਹਾਜ਼ ਰਾਹੀਂ ਇਹ ਫਰਾਂਸ ਆਇਆ ਸੀ ਤੇ ਫੇਰ ਬੈਲਜੀਅਮ, ਜਰਮਨੀ ਹੁੰਦਾ ਹੋਇਆ ਲਿਥੋਏਨੀਆ ਦੇ ਸ਼ਹਿਰ ਵਿਲਨਾ ਪਹੁੰਚ ਗਿਆ ਸੀ। ਫੇਰ ਇਹ ਹੰਗਰੀ, ਪੋਲੈਂਡ, ਸਵਿਟਜ਼ਰਲੈਂਡ, ਇਟਲੀ, ਫਰਾਂਸ ਆਦਿ ਤੋਂ ਹੁੰਦਾ ਹੋਇਆ ਅਮਰੀਕਾ ਵਾਪਿਸ ਚਲਾ ਗਿਆ ਸੀ। ਕੁਝ ਮਹੀਨੇ ਉਥੇ ਕੰਮ ਕਰਕੇ ਇਹਨੇ ਫਿਰ ਜਹਾਜ਼ ਦੀ ਨੌਕਰੀ ਕਰ ਲਈ ਸੀ ਅਤੇ ਭੂ-ਮੱਧ ਸਾਗਰ ਦੀਆਂ ਕਈ ਬੰਦਰਗਾਹਾਂ 'ਤੇ ਗਿਆ। ਫਿਰ ਊਧਮ ਸਿੰਘ ਨੇ ਸ.ਸ. ਜਲਾਪਾ ਨਾਂ ਦੇ ਜਹਾਜ਼ 'ਤੇ ਤਰਖਾਣ ਵਜੋਂ ਨੌਕਰੀ ਕਰ ਲਈ ਸੀ। ਇਸੇ ਜਹਾਜ਼ ਰਾਹੀਂ ਇਹ 1927 'ਚ ਕਰਾਚੀ ਪੁੱਜਾ ਸੀ ਤੇ ਇੱਥੋਂ ਇਹ ਕਲਕੱਤਾ ਚਲਾ ਗਿਆ ਸੀ।

**ਅਮਰੀਕਾ 'ਚ ਰਹਿੰਦਿਆਂ ਇਹ ਗ਼ਦਰ ਪਾਰਟੀ ਦੇ ਅਸਰ ਹੇਠ ਆ ਗਿਆ ਸੀ; ਗ਼ਦਰ ਪਾਰਟੀ ਦਾ ਬਾਗ਼ੀਆਨਾ ਸਾਹਿਤ ਪੜ੍ਹਦਾ ਰਿਹਾ ਸੀ। 27 ਜੁਲਾਈ 1927 ਨੂੰ ਇਹਦੇ ਕੋਲੋਂ ਇਤਰਾਜ਼ਯੋਗ ਕਾਰਡ ਫੜੇ ਗਏ ਸਨ ਤੇ ਇਹਨੂੰ ਜ਼ੁਰਮਾਨਾ ਹੋ ਗਿਆ ਸੀ।**

30 ਜੁਲਾਈ 1927 ਨੂੰ ਅੰਮ੍ਰਿਤਸਰ 'ਚ ਇਹ ਨੂੰ ਫੇਰ ਬਿਨਾਂ ਇਜਾਜ਼ਤ ਦੇ ਹਥਿਆਰ (ਦੋ ਰਿਵਾਲਵਰ, ਇੱਕ ਪਿਸਤੌਲ ਅਤੇ "ਗ਼ਦਰ ਦੀ ਗੂੰਜ" ਨਾਮੀ ਪਰਚਾ) ਰੱਖਣ ਕਰਕੇ ਗਰਿਫ਼ਤਾਰ ਕਰ ਲਿਆ ਸੀ। ਅਸਲਾ ਐਕਟ ਦੀ ਧਾਰਾ 20 ਤਹਿਤ ਇਹਦੇ 'ਤੇ ਮੁਕੱਦਮਾ ਚਲਾਇਆ ਗਿਆ ਸੀ ਤੇ ਪੰਜ ਸਾਲ ਬਾਮੁਸ਼ੱਕਤ ਕੈਦ ਦੀ ਸਜ਼ਾ ਹੋਈ ਸੀ। ਇਹਨੇ ਬਿਆਨ ਦਿੱਤਾ ਸੀ ਕਿ ਇਹ ਗੋਰਿਆਂ ਨੂੰ ਮਾਰਨਾ ਚਾਹੁੰਦਾ ਸੀ ਤੇ ਬਾਲਸ਼ਵਿਕਾਂ ਦਾ ਹਮਾਇਤੀ ਹੈ — ਇਹਨਾਂ ਦਾ ਮੰਤਵ ਹਿੰਦ ਨੂੰ ਵਿਦੇਸ਼ੀ ਰਾਜ ਤੋਂ ਮੁਕਤੀ ਦਿਵਾਉਣਾ ਸੀ। ਇਹ 23.10.1931 ਨੂੰ ਜੇਲ੍ਹ 'ਚੋਂ ਰਿਹਾਅ ਹਇਆ ਸੀ।

1933 ਨੂੰ ਇਹ ਆਪਣੇ ਪਿੰਡ ਸੁਨਾਮ ਗੇੜਾ ਮਾਰਕੇ ਵਲੈਤ ਵੱਲ ਚਲ ਪਿਆ ਸੀ। 1934 'ਚ ਇਹ 9, ਐਡਲਰ ਸਟ੍ਰੀਟ, ਕਮੱਰਸ਼ੀਅਲ ਰੋਡ, ਪੂਰਬੀ ਲੰਡਨ ਵਿੱਚ ਰਹਿੰਦਾ ਸੀ।

ਊਧਮ ਸਿੰਘ ਨੇ 5 ਜੁਲਾਈ 1934 ਨੂੰ ਲੰਡਨ 'ਚ ਹੀ ਆਪਣੇ ਲਾਹੌਰ ਤੋਂ ਜਾਰੀ ਹੋਏ ਪਾਸਪੋਰਟ ਨੰਬਰ 52753 'ਤੇ ਮੋਹਰ ਲੁਆਉਣ ਲਈ ਅਰਜ਼ੀ ਦਿੱਤੀ ਸੀ। ਇਹਨੇ ਆਪਣਾ ਪਤਾ 4 ਬੈਸਟ ਲੇਨ, ਕੈਂਟਰਬਰੀ ਕੈਂਟ ਦਿੱਤਾ ਸੀ ਤੇ ਕਿਹਾ ਸੀ

ਕਿ ਇਹ ਖੇਡਾਂ ਦੇ ਸਮਾਨ ਦਾ ਕਾਰੋਬਾਰ ਕਰਦਾ ਸੀ ਅਤੇ ਵਲੈਤ ਪਹੁੰਚ ਕੇ 9 ਮਹੀਨੇ ਤੋਂ ਕੋਈ ਕੰਮ ਨਹੀਂ ਸੀ ਕੀਤਾ। ਪਰ ਇਸ ਗੱਲ ਦਾ ਸਬੂਤ ਹੈ ਕਿ ਇਹ ਰੇਹੜੀ ਲਾਉਂਦਾ ਰਿਹਾ ਸੀ। ਇਹਨੇ ਘੋਸ਼ਣਾ ਕੀਤੀ ਸੀ ਕਿ ਇਹ ਮਟਰ ਸਾਈਕਲ ਲੈ ਕੇ ਜਰਮਨੀ, ਬੈਲਜ਼ੀਅਮ ਅਤੇ ਪੋਲੈਂਡ ਤੋਂ ਰੂਸ, ਰੂਸ ਤੋਂ ਹੁੰਦਾ ਹੋਇਆ ਓਡੇਸਾ, ਜਿੱਥੋਂ ਉਹ ਕੌਂਨਸਟੈਂਟੀਪੋਲ ਦੇ ਰਸਤੇ ਹਿੰਦੋਸਤਾਨ ਲਈ ਜਹਾਜ਼ ਫੜੇਗਾ। ਇਹ ਭਾਂਵੇ ਅਜੀਬ ਲੱਗੇ, ਪਰ ਥੋੜ੍ਹਾ ਚਿਰ ਪਹਿਲਾਂ ਹੀ ਇਹਦੀ ਬਾਂਹ ਟੁੱਟ ਗਈ ਸੀ ਤੇ ਉਸ ਵੇਲੇ ਇਹ ਬਾਗ਼ੀ ਸੁਰ ਦਾ ਹਿੰਦੋਸਤਾਨੀ ਨਹੀਂ ਸੀ ਲੱਗਿਆ, ਇਸ ਕਰਕੇ ਕੋਈ ਇਤਰਾਜ਼ ਨਹੀਂ ਸੀ ਕੀਤਾ।

12.5.1936 ਨੂੰ ਇਸਨੇ 4, ਡਿਊਕ ਸਟ੍ਰੀਟ, ਸਪਿਟਲਫਿਲਡ, ਪੂਰਬੀ ਲੰਡਨ ਵਾਲੇ ਪਤੇ ਤੋਂ, ਹਾਲੈਂਡ, ਜਰਮਨ, ਪੋਲੈਂਡ, ਅਸਟਰੀਆ, ਹੰਗਰੀ ਤੇ ਇਟਲੀ ਦੇਸ਼ਾਂ ਨੂੰ ਜਾਣ ਦੀ ਇਜਾਜ਼ਤ ਮੰਗੀ ਸੀ, ਜੋ ਕਿ ਮਨਜ਼ੂਰ ਕਰ ਲਈ ਗਈ ਸੀ।

16.5.1936 ਨੂੰ ਇਸਨੇ ਬਰਲਿਨ ਤੋਂ ਹੋਰ ਦੇਸ਼ਾਂ ਨੂੰ ਜਾਣ ਦੀ ਆਗਿਆ ਮੰਗੀ ਸੀ। ਜਿਹਨਾਂ ਵਿੱਚ ਪੂਰਬੀ ਯੂਰਪ ਅਤੇ ਸੋਵੀਅਤ ਯੂਨੀਅਨ ਵੀ ਸ਼ਾਮਿਲ ਸੀ, ਪਰ ਉਹਦੀ ਇਸ ਦਰਖ਼ਾਸਤ ਨੂੰ ਇਸ ਆਧਾਰ ਤੇ ਖ਼ਾਰਜ ਕਰ ਦਿੱਤਾ ਗਿਆ ਸੀ ਕਿ ਇਹ ਮਨਜ਼ੂਰੀ ਲੰਡਨ ਤੋਂ ਇਜਾਜ਼ਤ ਲਏ ਬਿਨਾ ਨਹੀਂ ਮਿਲ ਸਕਦੀ, ਤਾਂ ਉਸਨੇ ਇਹ ਦਰਖ਼ਾਸਤ ਵਾਪਸ ਲੈ ਲਈ ਸੀ।

ਇਹ 25 ਜੂਨ 1936 ਨੂੰ ਲੈਨਿਨਗ੍ਰਾਡ ਤੋਂ ਪਰਤਿਆ ਸੀ, ਤੇ ਕਿਸੇ ਗੋਰੀ ਨਾਲ ਲੰਡਨ ਦੇ ਵੈਸਟ ਅੰਡ ਇਲਾਕੇ ਵਿੱਚ ਰਹਿੰਦਾ ਰਿਹਾ ਸੀ ਅਤੇ ਕਦੇ-ਕਦੇ ਫਿਲਮ ਸਟੂਡੀਓ 'ਚ ਐਕਸਟਰਾ ਵਜੋਂ ਕੰਮ ਵੀ ਕਰਦਾ ਸੀ। ਕਈ ਵਾਰ ਰਿਪੋਰਟ ਮਿਲੀ ਸੀ ਕਿ ਇਹ ਗਰਮ ਖ਼ਿਆਲਾਂ ਦਾ ਸੀ ਤੇ ਦਾਅਵਾ ਕਰਦਾ ਹੁੰਦਾ ਸੀ ਕਿ ਉਹ ਚੋਰੀ-ਛਿਪੇ ਹਿੰਦੋਸਤਾਨ ਹਥਿਆਰ ਭੇਜ ਦੇਵੇਗਾ।

ਅਗਸਤ 1936 ਵਿੱਚ ਊਧਮ ਸਿੰਘ ਨੂੰ ਲੰਡਨ ਵਿੱਚ ਹੀ ਧੱਕੇ ਨਾਲ ਪੈਸੇ ਮੰਗਣ ਦੇ ਦੋਸ਼ ਵਿੱਚ ਹਿਰਾਸਤ ਵਿੱਚ ਲਿਆ ਗਿਆ ਸੀ। ਜਿਊਰੀ ਪਹਿਲੇ ਮੁਕੱਦਮੇ 'ਚ ਇਹਦੇ ਨਾਲ ਸਹਿਮਤ ਨਹੀਂ ਸੀ ਹੋਈ, ਪਰ ਇਹ ਦੂਜੀ ਵਾਰ ਬਰੀ ਹੋ ਗਿਆ ਸੀ। ਇਹਨੂੰ ਲੰਡਨ 'ਚ ਗਰਮ ਖ਼ਿਆਲੀਆਂ ਦੀਆਂ ਮੀਟਿੰਗਾਂ 'ਚ ਆਂਉਦੇ-ਜਾਂਦੇ ਨੂੰ ਵੀ ਕਦੇ ਨਹੀਂ ਸੀ ਦੇਖਿਆ।

ਨੈਸ਼ਨਲ ਰਜਿਸਟਰੇਸ਼ਨ ਵਾਲੇ ਦਿਨ ਇਹ ਮੁਹੰਮਦ ਸਿੰਘ ਆਜ਼ਾਦ ਦੇ ਨਾਂ ਲੜੀ ਨੰ: EOAK/305/7 ਦੇ ਹੇਠਾਂ ਦਰਜ ਹੋਇਆ ਸੀ। ਇਹਨੇ ਆਪਣਾ ਕਿੱਤਾ ਤਰਖਾਣ ਤੇ ਜਨਮ ਤਾਰੀਖ਼ 23 ਅਕਤੂਬਰ 1905 ਦੱਸੀ ਸੀ। ਉਸਦਾ ਪਤਾ 581 ਵਿਮਬੋਰਨ ਰੋਡ, ਬੋਰਨਮਾਊਥ ਲਿਖਾਇਆ ਸੀ।

ਦੋਸ਼ੀ ਨੇ ਕੁਝ ਜਾਣਕਾਰੀ ਡਿਟੈਕਟਿਵ ਸਾਰਜੈਂਟ ਲਿਸਨੈ ਨੂੰ ਵੀ ਦਿੱਤੀ ਸੀ, ਇਹ ਵੀ ਨਾਲ ਹੀ ਨੱਥੀ ਕਰ ਦਿੱਤੀ ਗਈ ਹੈ।

ਏਦਾਂ ਲਗਦਾ ਹੈ ਕਿ ਇਹਦੀ ਆਖ਼ਰੀ ਨੌਕਰੀ 7 ਨਵੰਬਰ 1939 ਨੂੰ ਖ਼ਤਮ ਹੋ ਗਈ ਸੀ ਤੇ ਇਹ ਮੁਹੰਮਦ ਸਿੰਘ ਆਜ਼ਾਦ ਦੇ ਨਾਂ ਹੇਠਾਂ ਹਰ ਹਫ਼ਤੇ 17 ਰੁਪਏ ਬੇਰੁਜ਼ਗਾਰੀ ਭੱਤਾ ਲੈਂਦਾ ਰਿਹਾ ਸੀ...।"

**ਵਾਰਦਾਤ ਤੋਂ ਅਗਲੇ ਦਿਨ (ਭਾਵ 14 ਮਾਰਚ 1940) ਨੂੰ ਪੁਲਿਸ ਕੋਲ ਦਿੱਤਾ ਬਿਆਨ:**

ਬਿਆਨ ਮੁਹੰਮਦ ਸਿੰਘ ਆਜ਼ਾਦ, ਉਮਰ 38 ਸਾਲ ਵਾਸੀ 8 ਮੋਰਿੰਟਨ ਟੈਰਿਸ, ਰਿਜੈਂਟ ਪਾਰਕ, ਕਿੱਤਾ ਇਨਜੀਨੀਅਰ...... ਜਦੋਂ ਮੀਟਿੰਗ ਖ਼ਤਮ ਹੋਈ ਤਾਂ ਮੈਂ ਆਪਣਾ ਪਿਸਤੌਲ ਜੇਬ 'ਚੋਂ ਕੱਢਿਆ ਤੇ ਗੋਲੀ ਚਲਾ ਦਿੱਤੀ — ਜਿਵੇਂ ਕੰਧ ਤੇ ਚਲਾਈਦੀ ਹੈ। ਮੈਂ ਆਪਣਾ ਰੋਸ ਪ੍ਰਗਟ ਕਰਨ ਲਈ ਹੀ ਗੋਲੀ ਚਲਾਈ ਸੀ। ਬਰਤਾਨਵੀ ਸਾਮਰਾਜ ਦੀ ਛੱਤਰ-ਛਾਇਆ ਹੇਠਾਂ ਮੈਂ ਹਿੰਦੋਸਤਾਨ ਵਿੱਚ ਲੋਕਾਂ ਨੂੰ ਭੁੱਖ ਨਾਲ ਮਰਦੇ ਵੇਖਿਆ ਹੈ। ਮੈਂ ਪਿਸਤੌਲ ਤਿੰਨ ਵਾਰ ਚਲਾਇਆ ਤੇ ਇਹਦਾ ਮੈਨੂੰ ਕੋਈ ਦੁੱਖ ਵੀ ਨਹੀਂ ਹੈ। ਮੈਨੂੰ ਕਿਸੇ ਸਜ਼ਾ ਦੀ ਕੋਈ ਪਰਵਾਹ ਨਹੀਂ ਹੈ — ਦਸ ਸਾਲ, ਵੀਹ ਸਾਲ ਜਾਂ ਪੰਜਾਹ ਸਾਲ ਦੀ ਸਜ਼ਾ ਤੇ ਭਾਵੇਂ ਫਾਂਸੀ ਵੀ ਹੋ ਜਾਵੇ। ਮੈਂ ਤਾਂ ਆਪਣਾ ਫਰਜ਼ ਪੂਰਾ ਕੀਤਾ ਹੈ। ਪਰ ਮੇਰਾ ਮਕਸਦ ਕਿਸੇ ਦੀ ਜਾਨ ਲੈਣਾ ਨਹੀਂ ਸੀ, ਮੇਰਾ ਮਤਲਬ ਤਾਂ ਆਪਣਾ ਰੋਸ ਜ਼ਾਹਰ ਕਰਨਾ ਸੀ।

ਮੈਂ ਇਹ ਬਿਆਨ ਪੜ੍ਹ ਲਿਆ ਹੈ ਤੇ ਇਹ ਬਿਲਕੁਲ ਠੀਕ ਹੈ।

ਸਹੀ/-

ਮੁਹੰਮਦ ਸਿੰਘ ਆਜ਼ਾਦ

**ਊਧਮ ਸਿੰਘ ਦੀ ਵਿਚਾਰਧਾਰਾ ਗ਼ਦਰ ਲਹਿਰ ਵਾਲੀ ਹੀ ਸੀ**

ਭਾਵੇਂ ਊਧਮ ਸਿੰਘ ਦੀ ਸੋਚ ਬਾਰੇ ਵੱਖੋ-ਵੱਖ ਧਾਰਨਾਵਾਂ ਨੇ, ਪਰ ਉਹ ਹੈ ਸੀ ਗ਼ਦਰ ਪਾਰਟੀ ਦੀ ਵਿਚਾਰਧਾਰਾ ਨੂੰ

ਪਰਨਾਇਆ ਹੋਇਆ ਤੇ ਇਨਕਲਾਬੀ ਨਜ਼ਰੀਏ ਦਾ ਹੀ ਸੀ ਧਾਰਨੀ।

13 ਮਾਰਚ 1940 ਸ਼ਾਮੀਂ ਸਰ ਮਾਈਕਲ ਓ-ਡਵਾਇਰ ਦੀ ਹੱਤਿਆ ਮਗਰੋਂ ਖ਼ੁਦ ਨੂੰ ਗਰਿਫ਼ਤਾਰੀ ਲਈ ਪੇਸ਼ ਕਰਦਿਆਂ ਉਹਨੇ ਹਰੇਕ ਪੜਾਅ ਤੇ ਹਿਕ ਠੋਕ ਕੇ ਆਪਣੇ ਜ਼ੁਰਮ ਦਾ ਕੇਵਲ ਇਕਬਾਲ ਹੀ ਨਹੀਂ ਕੀਤਾ, ਬਲਕਿ ਭਗਤ ਸਿੰਘ ਵਰਗੇ ਸ਼ਹੀਦਾਂ ਵਾਂਗ ਆਪਣੇ ਕਾਰਨਾਮੇ ਦੀ ਇਤਿਹਾਸਿਕ ਪ੍ਰਸੰਗ ਵਿੱਚ ਪ੍ਰਤੱਖ ਵਿਆਖਿਆ ਵੀ ਕੀਤੀ ਸੀ, ਜਿਸ ਆਧਾਰ ਤੇ ਉਹਦੀ ਭੂਮਿਕਾ **ਮਦਨ ਲਾਲ ਢੀਂਗਰਾ, ਕਰਤਾਰ ਸਿੰਘ ਸਰਾਭਾ ਅਤੇ ਭਗਤ ਸਿੰਘ** ਜਹੇ ਪਰਵਾਨਿਆਂ ਵਾਲੀ ਹੀ ਹੈ। ਜਿਵੇਂ ਆਪਣੇ ਅਦਾਲਤੀ ਬਿਆਨ 'ਚ ਉਹਨੇ ਦੱਸਿਐ:

"ਮੈਂ ਕਿਸੇ ਮਕਸਦ ਲਈ ਮਰ ਰਿਹਾ ਹਾਂ, ਅਸੀਂ ਅੰਗ੍ਰੇਜ਼ਾਂ ਦੀ ਅਧੀਨਤਾ ਹੇਠ ਜੂਨ ਭੋਗ ਰਹੇ ਹਾਂ। ਮੈਂ ਮਰਨ ਤੋਂ ਡਰਦਾ ਨਹੀਂ, ਸਗੋਂ ਮੈਨੂੰ ਤਾਂ ਇਸ ਮਰਨ 'ਤੇ ਮਾਨ ਹੈ ਕਿ ਮੈਂ ਆਪਣੀ ਮਾਤ-ਭੂਮੀ ਨੂੰ ਅਜ਼ਾਦ ਕਰਾਉਣ ਲਈ ਮਰਾਂਗਾ। ਮੈਨੂੰ ਆਸ ਹੈ ਕਿ ਮੇਰੇ ਦੇਸ਼ਵਾਸੀ ਮੇਰੇ ਰਾਹ ਤੇ ਚੱਲ ਕੇ ਤੁਹਾਨੂੰ (ਅੰਗ੍ਰੇਜ਼ਾਂ ਨੂੰ) ਹਲ਼ਕੇ ਕੁਤਿਆਂ ਵਾਂਗ ਭਜਾ ਦੇਣਗੇ ਤੇ ਮੇਰਾ ਦੇਸ਼ ਅਜ਼ਾਦ ਹੋ ਜਾਏਗਾ।

ਉਸਨ ਆਪਣੀ ਗਰਿਫ਼ਤਾਰੀ ਤੋਂ ਅਗਲੇ ਦਿਨ ਪੁਲਿਸ ਕੋਲ਼ ਦਰਜ ਕਰਾਏ ਬਿਆਨ ਵਿੱਚ ਵੀ ਸਪਸ਼ਟ ਤੌਰ ਤੇ ਕਿਹਾ ਸੀ ਕਿ "ਮੇਰਾ ਮਕਸਦ ਕਿਸੇ ਦੀ ਜਾਣ ਲੈਣਾ ਨਹੀਂ ਸੀ, ਮੇਰਾ ਮਕਸਦ ਤਾਂ ਆਪਣਾ ਰੋਸ ਜ਼ਾਹਰ ਕਰਨਾ ਸੀ।"

ਉਕਤ ਤੱਥਾਂ ਦੇ ਮੱਦੇਨਜ਼ਰ ਕਿਹਾ ਜਾ ਸਕਦਾ ਹੈ ਕਿ ਊਧਮ ਸਿੰਘ 13 ਅਪ੍ਰੈਲ 1919 ਨੂੰ ਜਲਿਆਂਵਾਲਾ ਬਾਗ਼ ਦੇ ਕਤਲੇਆਮ ਵੇਲ਼ ਪੂਰਬੀ ਅਫ਼ਰੀਕਾ ਵਿਖੇ ਸੀ, ਭਾਵ ਉਹ ਉਸ ਦਿਨ ਅੰਮ੍ਰਿਤਸਰ ਵਿੱਚ ਮੌਜੂਦ ਨਹੀਂ ਸੀ ਅਤੇ ਉਸ ਵਿੱਚ ਬਾਗ਼ੀਆਨਾ ਸੋਚ ਅਮਰੀਕਾ 'ਚ ਰਹਿੰਦਿਆਂ ਗ਼ਦਰ ਪਾਰਟੀ ਦੇ ਅਸਰ ਹੇਠ ਹੀ ਪਨਪੀ ਸੀ।

ਪਿੰਡ ਤੇ ਡਾਕਘਰ ਸਕੇਤੜੀ,
ਜ਼ਿਲ੍ਹਾ ਪੰਚਕੂਲਾ 134109
ਫੋਨ: 0172-2556314
ਈਮੇਲ: mjswaraich29@gmail.com
ਫ਼ੇਸਬੁੱਕ: Prof. Malwinder Jit Singh Waraich